**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ**
**ਐਟ ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ. ਨਗਰ**
**(ਗ੍ਰਾਂਟ ਕਮ ਪੈਨਸ਼ਨ -2 ਸ਼ਾਖਾ)**

ਵੱਲ,

ਸਮੂਹ C.B.S.E,I.C.S.E ਅਤੇ
ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ
ਪ੍ਰਾਈਵੇਟ ਸਕੂਲਾਂ ਦੀ ਮਨੈਜਮੈਂਟਾਂ ਅਤੇ ਪ੍ਰਿੰਸੀਪਲ।

ਮੀਮੋ ਨੰ: ਗ੍ਰਾਂਟ ਪੈਨ ਸ਼ਾਖਾ (ਸਪੈਸ਼ਲ) ਹਦਾਇਤਾਂ 2019 / 2019176099
ਮਿਤੀ: 21-06-2019

ਵਿਸ਼ਾ :- C.B.S.E/I.C.S.E ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀ ਯੂਨੀਫਾਰਮ (ਵਰਦੀਆਂ) ਅਤੇ ਕਿਤਾਬਾਂ ਸਬੰਧੀ ਹਦਾਇਤਾਂ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਿੱਖਿਆ ਵਿਭਾਗ ਪੰਜਾਬ ਦੇ ਧਿਆਨ ਵਿੱਚ ਆਇਆ ਹੈ ਕਿ ਪ੍ਰਾਈਵੇਟ ਸਕੂਲਾਂ ਨਾਲ ਸਬੰਧਤ ਕੁਝ ਮਨੈਜਮੈਂਟਾਂ ਵੱਲੋਂ ਆਪਣੇ ਅਧੀਨ ਸਕੂਲ ਪੜ੍ਹਦੇ ਵਿਦਿਆਰਥੀਆਂ ਨੂੰ ਯੂਨੀਫਾਰਮ (ਵਰਦੀਆਂ) ਅਤੇ ਕਿਤਾਬਾਂ ਕਿਸੇ ਖਾਸ ਦੁਕਾਨ / ਫਰਮ ਤੋਂ ਖਰੀਦਣ ਲਈ ਜਾਂ ਆਪਣੇ ਸਕੂਲਾਂ ਵਿੱਚ ਹੀ ਖਰੀਦਣ ਲਈ ਮਜ਼ਬੂਰ ਕਰਦੇ ਹਨ।ਅਜਿਹਾ ਕਰਨ ਦੇ ਨਾਲ ਵਿਦਿਆਰਥੀਆਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਕਿਉਂਕਿ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਰਦੀਆਂ ਅਤੇ ਕਿਤਾਬਾਂ ਕਿਸੇ ਖਾਸ ਦੁਕਾਨ ਤੋਂ ਖਰੀਦਣ ਲਈ ਭਾਰੀ ਕੀਮਤਾਂ ਅਦਾ ਕਰਨੀਆਂ ਪੈਂਦੀਆਂ ਹਨ। ਇਸ ਸਬੰਧੀ ਹੇਠ ਲਿਖੇ ਅਨੁਸਾਰ ਗਾਇਡਲਾਇਨ ਜਾਰੀ ਕੀਤੀਆਂ ਜਾਂਦੀਆਂ ਹਨ:

(1) ਵਿਸ਼ੇ ਅਧੀਨ ਪ੍ਰਾਈਵੇਟ ਸਕੂਲਾਂ ਦੀਆਂ ਮੈਨਜਮੈਂਟਾਂ ਸਬੰਧਤ ਬੋਰਡਾਂ ਤੋਂ ਪ੍ਰਵਾਨਤ ਸਿਲੇਬਸ ਮੁਤਾਬਕ ਪ੍ਰਵਾਨਤ ਕਿਤਾਬਾਂ ਹੀ ਵਿਦਿਆਰਥੀਆਂ ਨੂੰ ਲਗਾਉਣ ਅਤੇ ਇਹ ਕਿਤਾਬਾਂ ਦੀ ਸੂਚੀ ਆਪਣੇ ਸਕੂਲ ਦੀ ਵੈਬ-ਸਾਈਟ ਤੇ ਅਪਲੋਡ ਕਰਨਗੇ।

(2) ਉਕਤ ਪ੍ਰਾਈਵੇਟ ਸਕੂਲਾਂ ਦੀਆਂ ਕੁਝ ਮੈਨਜਮੈਂਟਾਂ ਪ੍ਰਾਈਵੇਟ ਪਬਲਸ਼ਿਰਜਾਂ ਤੋਂ ਨਿਰਧਾਰਤ ਸਿਲੇਬਸ ਜ਼ੋ ਸਬੰਧਤ ਬੋਰਡਾਂ ਵੱਲੋਂ ਬਦਲਿਆ ਨਹੀਂ ਗਿਆ ,ਪਾਠਕ੍ਰਮਾਂ ਨੂੰ ਅੱਗੇ ਪਿੱਛੇ ਕਰਕੇ ,ਪਿਛਲੇ ਸਾਲ ਨਾਲੋਂ ਮੌਜੂਦਾ ਸਾਲ ਵਿੱਚ ਨਵੀ ਕਿਤਾਬ ਤਿਆਰ ਕਰਵਾਉਂਦੇ ਹਨ ਤਾਂ ਜ਼ੋ ਮੌਜੂਦਾ ਵਿਦਿਆਰਥੀ ਪਿਛਲੇ ਸਾਲ ਦੀਆਂ ਪੁਰਾਣੀਆਂ ਕਿਤਾਬਾਂ ਨਾ ਖਰੀਦ ਸਕਣ ਅਤੇ ਵਿਦਿਆਰਥੀਆਂ ਨੂੰ ਮਜਬੂਰ ਹੋ ਕੇ ਨਵੀਆਂ ਕਿਤਾਬਾਂ ਹੀ ਖਰੀਦਣੀਆਂ ਪੈਣ। ਅਜਿਹੀ ਗਲਤ ਆਦਤ ਨੂੰ ਰੋਕਿਆ ਜਾਵੇ।

(3) ਜੇਕਰ ਸਬੰਧਤ ਬੋਰਡਾਂ ਵੱਲੋਂ ਕਿਸੇ ਵੀ ਕਲਾਸ ਦੇ ਵਿੱਚ ਕਿਸੇ ਵੀ ਕਿਤਾਬ ਵਿੱਚ ਸਿਲੇਬਸ ਵਿੱਚ ਬਦਲਾਉ ਨਹੀਂ ਕੀਤਾ ਜਾਂਦਾ ਅਤੇ ਸਕੂਲ ਵਿੱਚ ਪੜ੍ਹ ਰਹੇ ਵਿਦਿਆਰਥੀ ਪਿਛਲੇ ਸਾਲ ਦੀਆਂ ਪੁਰਾਣੀਆਂ ਕਿਤਾਬਾਂ ਖਰੀਦਣ ਦੇ ਚਾਹਵਾਨ ਹਨ ਤਾਂ ਅਜਿਹੀ ਹਾਲਤ ਵਿੱਚ ਵਿਦਿਆਰਥੀਆਂ ਨੂੰ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਨਵੀਆਂ ਕਿਤਾਬਾਂ ਖਰੀਦਣ ਲਈ ਮਜਬੂਰ ਨਾ ਕੀਤਾ ਜਾਵੇ

(4) ਉਕਤ ਪ੍ਰਾਈਵੇਟ ਸਕੂਲਾਂ ਦੀਆਂ ਮੈਨਜਮੈਂਟਾਂ ਨੂੰ ਇਹ ਹੀ ਹਦਾਇਤ ਕੀਤੀ ਜਾਂਦੀ ਹੈ ਕਿ ਜਿਹੜੀ ਵਰਦੀ (ਯੂਨੀਫਾਰਮ) ਇੱਕ ਵਾਰ ਵਿਦਿਆਰਥੀਆਂ ਨੂੰ ਲਗਾਈ ਜਾਂਦੀ ਹੈ ਤਾਂ ਉਹ ਘੱਟੋ ਘੱਟ ਤਿੰਨ ਸਾਲ ਲਗਾਤਾਰ ਜਾਰੀ ਰੱਖੀ ਜਾਵੇ। ਹਰ ਸਾਲ ਵਰਦੀ ਦਾ ਰੰਗ ਬਦਲਿਆਂ ਨਾ ਜਾਵੇ ਕਿਉਂਕਿ ਅਜਿਹਾ ਕਰਨ ਨਾਲ ਵੀ ਵਿਦਿਆਰਥੀਆਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਤੇ ਬੇਲੋੜੇ ਖਰਚੇ ਦਾ ਭਾਰ ਵੱਧਦਾ ਹੈ।

(5) ਪ੍ਰਾਈਵੇਟ ਸਕੂਲ ਦੇ ਅਹਾਤੇ (ਸਕੂਲ ਦੀ ਚਾਰਦੁਆਰੀ ਦੇ ਅੰਦਰ)ਦੇ ਅੰਦਰ ਵਰਦੀਆਂ ਅਤੇ ਕਿਤਾਬਾਂ ਵੇਚਣ ਤੇ ਪਾਬੰਦੀ ਹੋਵੇਗੀ।

(6) ਉਕਤ ਪ੍ਰਾਈਵੇਟ ਸਕੂਲਾਂ ਦੀਆਂ ਮੈਨਜਮੈਂਟਾਂ ਆਪਣੇ ਸਕੂਲ ਦੇ ਵਿਦਿਆਰਥੀਆਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਕਿਸੇ ਵੀ ਖਾਸ ਦੁਕਾਨ /ਫਰਮ ਤੋਂ ਵਰਦੀਆਂ ਅਤੇ ਕਿਤਾਬਾਂ ਖਰੀਦਣ ਲਈ ਮਜਬੂਰ ਨਹੀਂ ਕਰਨਗੇ।

ਜੇਕਰ ਕੋਈ ਵੀ ਸਕੂਲ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਦਾ ਸਿੱਖਿਆ ਵਿਭਾਗ ਦੇ ਧਿਆਨ ਵਿੱਚ ਆਇਆ ਤਾਂ ਉਸ ਦੀ N.O.C. ਰੱਦ ਕੀਤੀ ਜਾ ਸਕਦੀ ਹੈ।

ਸਹਾਇਕ ਡਾਇਰੈਕਟਰ (ਪ੍ਰ.ਏ.ਸ)
**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)**
**ਪੰਜਾਬ।**

**ਪਿੱਠ ਅੰਕਣ ਨੰ. -ਉਕਤ-** **ਮਿਤੀ, ਐਸ.ਏ.ਐਸ. ਨਗਰ**

ਉਤਾਰਾ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਪੰਜਾਬ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰਾਂ ਦੀ ਤਾਮੀਲ ਕਰਵਾਈ ਜਾਵੇ ਅਤੇ ਇਸ ਦਫਤਰ ਦੇ ਪੱਤਰ ਨੰ. 12/67-2018ਗ੍ਰਾਂਟ ਪੈਨ. - 2(1) ਰਾਹੀਂ ਗਠਿਤ ਟੀਮਾਂ ਰਾਹੀਂ ਇੰਸਪੈਕਸ਼ਨ ਕਰਵਾ ਕੇ ਰਿਪੋਰਟ **pvtschoolinspection@gmail.com** ਤੇ ਭੇਜੀ ਜਾਵੇ।

ਸਹਾਇਕ ਡਾਇਰੈਕਟਰ (ਪ੍ਰ.ਏ.ਸ)